# BUDHA DAL PUBLIC SCHOOL PATIALA
## Final Examination (18 March 2023)
**Class - VII**
**Paper - Punjabi**
**Set - A**

**Time: 3 hrs.** **MM: 80**

**ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।**


**ਪੜ੍ਹਨ-ਕੌਸ਼ਲ**

**1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** **(5)**

ਸਰੋਜਨੀ ਨਾਇਡੂ ਭਾਰਤ ਦੀ ਉਹ ਮਹਾਨ ਸ਼ਖ਼ਸੀਅਤ ਹੈ ਜੋ ਅੰਗਰੇਜ਼ੀ ਕਾਵਿ ਅਤੇ ਭਾਰਤੀ ਰਾਜਨੀਤੀ ਵਿੱਚ ਵਿਸ਼ੇਸ਼ ਤੌਰ 'ਤੇ ਪ੍ਰਸਿੱਧ ਹੈ। ਉਹ ਆਪਣੇ ਦੇਸ਼ ਭਾਰਤ ਦੀ ਸਿਫ਼ਤ ਭਾਵੇਂ ਅੰਗਰੇਜ਼ੀ ਵਿੱਚ ਲਿਖਦੀ ਸੀ, ਪਰ ਉਸ ਦੇ ਅੰਦਰ ਰਾਸ਼ਟਰੀਅਤਾ ਦੀ ਭਾਵਨਾ ਬੇਮਿਸਾਲ ਸੀ। ਸਰੋਜਨੀ ਦਾ ਜਨਮ 13 ਫ਼ਰਵਰੀ, 1879 ਵਿੱਚ ਪੂਰਬੀ ਬੰਗਾਲ ਦੇ ਇੱਕ ਪਿੰਡ ਵਿੱਚ ਹੋਇਆ। ਉਹ ਅੱਠ ਭੈਣ-ਭਰਾਵਾਂ ਵਿੱਚੋਂ ਸਭ ਤੋਂ ਵੱਡੀ ਸੀ। ਉਸ ਦੇ ਪਿਤਾ ਦਾ ਨਾਂ ਅਘੋਰਨਾਥ ਚਟੋਪਾਧਿਆਏ ਸੀ। ਅਘੋਰਨਾਥ ਰਸਾਇਣ ਵਿਗਿਆਨ ਦੇ ਮਾਹਰ ਅਤੇ ਅਗਾਂਹਵਧੂ ਸੋਚ ਦੇ ਮਾਲਕ ਸਨ ਤੇ ਹੈਦਰਾਬਾਦ ਵਿੱਚ ਰਹਿੰਦੇ ਸਨ।

ੳ) ਸਰੋਜਨੀ ਨਾਇਡੂ ਕਿਸ ਭਾਸ਼ਾ ਵਿੱਚ ਲਿਖਦੀ ਸੀ?
ਅ) ਸਰੋਜਨੀ ਨਾਇਡੂ ਦਾ ਜਨਮ ਕਦੋਂ ਹੋਇਆ?
ੲ) ਸਰੋਜਨੀ ਨਾਇਡੂ ਸਮੇਤ ਕਿੰਨੇ ਭੈਣ-ਭਰਾ ਸਨ?
ਸ) ਸਰੋਜਨੀ ਨਾਇਡੂ ਦੇ ਪਿਤਾ ਕਿਸ ਵਿਗਿਆਨ ਦੇ ਮਾਹਰ ਸਨ?
ਹ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**2) ਹੇਠ ਦਿੱਤੇ ਚਿੱਤਰ ਨੂੰ ਵੇਖ ਕੇ 50-60 ਸ਼ਬਦਾਂ ਵਿੱਚ ਵਰਣਨ ਕਰੋ।** **(4)**



## ਵਿਆਕਰਨ

1) ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ:

ੳ) ਜ਼ਖ਼ਮਾਂ 'ਤੇ ਲੂਣ ਛਿੜਕਣਾ ਅ) ਡੇਰਾ ਲਾਉਣਾ ੲ) ਰਾਹ ਤੱਕਣਾ (3)

2) ਹੇਠ ਲਿਖੇ ਅਖਾਣ ਪੂਰੇ ਕਰੋ: (2)

ੳ) ਮੀਆਂ-ਬੀਵੀ ਰਾਜ਼ੀ ਤਾਂ .................

ਅ) ................. ਡਕਾਰ ਬਦਾਮਾਂ ਦੇ

ੲ) ਉੱਦਮ ਅੱਗੇ ਲੱਛਮੀ .................

ਸ) ਅਕਾਸ਼ ਤੋਂ ਡਿੱਗੀ .....................

3) ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ: (2)

ਮੋਚੀ, ਭਾਣਜਾ, ਸਹੁਰਾ, ਫੁੱਫੜ

4) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ: (2)

ਸਭਾ, ਖ਼ੁਸ਼ਬੂ, ਗਾਂ, ਚਾਕੂ

5) ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ: (2)

ਦੋਸ਼, ਤਰਲ, ਖਰੀਦ, ਵਧੀਆ

6) ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸ਼ਬਦ ਬਣਾਓ: (2)

ਪੜ, ਨਾ

7) ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸ਼ਬਦ ਬਣਾਓ: (2)

ਦਾਨੀ, ਬਾਜ਼

8) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ: (2)

ੳ) ਆਪਣੇ ਆਪ ਨਾਲ ਬੀਤੀ

ਅ) ਦੇਸ਼ ਲਈ ਜਾਨ ਦੇਣ ਵਾਲਾ

9) ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ: (2)

ਸੰਸਾਰ, ਜੰਗ

10) ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (2)

ਵੇਹੜਾ, ਸਿਰੀਮਾਨ, ਪਤਿ, ਆਪਨਾ

11) ਹੇਠ ਲਿਖੇ ਵਾਕਾਂ ਵਿੱਚ ਲੋੜੀਦੇਂ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਤੋਂ ਲਿਖੋ: (1)

ੳ) ਸਹਿਜ ਸਿਮਰਨ ਅਮਨ ਅਤੇ ਦਿਲਰਾਜ ਨੇ ਭੰਗੜਾ ਪਾਇਆ

ਅ) ਸਾਡੇ ਘਰ ਦੇ ਨੇੜੇ ਤੇੜੇ ਕਈ ਦੁਕਾਨਾਂ ਹਨ

12) ਹੇਠ ਲਿਖੇ ਵਾਕ ਵਿੱਚੋਂ ਪੜਨਾਂਵ ਸ਼ਬਦ ਚੁਣ ਕੇ ਉਸਦੀ ਕਿਸਮ ਲਿਖੋ: (1)

ੳ) ਇੱਥੇ ਕੁਝ ਪਿਆ ਹੋਇਆ ਹੈ।

13) ਹੇਠ ਲਿਖੇ ਵਾਕ ਵਿੱਚੋਂ ਕਾਲ ਸ਼ਬਦ ਚੁਣ ਕੇ ਉਸਦੀ ਕਿਸਮ ਲਿਖੋ: (1)

ੳ) ਮਾਂ ਸਫ਼ਾਈ ਕਰ ਰਹੀ ਹੈ।

14) ਹੇਠ ਲਿਖੇ ਵਾਕ ਵਿੱਚੋਂ ਕਿਰਿਆ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ: (1)

ੳ) ਲੜਕੀ ਕਿਤਾਬ ਪੜ੍ਹਦੀ ਹੈ।

15) ਹੇਠ ਲਿਖੇ ਵਾਕਾਂ ਵਿੱਚੋਂ ਕਿਰਿਆ-ਵਿਸ਼ੇਸ਼ਣ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ: (2)

ੳ) ਬੱਸ ਹੌਲੀ-ਹੌਲੀ ਚੱਲ ਰਹੀ ਸੀ।

ਅ) ਉਹ ਸਵੇਰੇ ਸਕੂਲ ਜਾਂਦੇ ਹਨ।

## ਪਾਠ ਪੁਸਤਕ 'ਤੇ ਅਧਾਰਿਤ

1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ। (ਕੋਈ ਛੇ): (1×6=6)

ੳ) ਕੁਝ ਹਾਸਲ ਕਰਨ ਲਈ ਕੀ ਕਰਨਾ ਪੈਂਦਾ ਹੈ?

ਅ) ਸ੍ਰੀ ਗੁਰੂ ਨਾਨਕ ਦੇਵ ਜੀ ਕਿਸ ਪਾਰ ਮੌਜੂਦ ਹਨ?

ੲ) ਗਿੱਠੂ ਸਕੂਲੋਂ ਆਉਂਦਾ ਹੀ ਕੀ ਕਰਨ ਲੱਗਦਾ?

ਸ) ਲੇਖਕਾ ਕਿਸ ਨੂੰ ਮਿਲਣ ਲਈ ਭਾਈ ਵੀਰ ਸਿੰਘ ਜੀ ਦੇ ਘਰ ਗਈ?

ਹ) ਗੁਰੂਆਂ ਨੇ ਮਿੱਟੀ ਦੀ ਰਾਖੀ ਖਾਤਰ ਕੀ ਕੀਤਾ ਹੈ?

ਕ) ਕਿਹੜੇ ਲੋਕ ਆਪਣੀ ਯੋਗਤਾ 'ਤੇ ਸ਼ੱਕ ਕਰਦੇ ਹਨ ਤੇ ਦੂਜਿਆਂ ਨੂੰ ਦੋਸ਼ ਦਿੰਦੇ ਹਨ?

ਖ) ਭਾਈ ਵੀਰ ਸਿੰਘ ਹਾਲ ਅੰਦਰ ਦਾਖਲ ਹੁੰਦੇ ਸਾਰ ਹੀ ਕੀ ਹੈ?

2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 4-5 ਸਤਰਾਂ ਵਿੱਚ ਦਿਓ: (ਕੋਈ ਛੇ) (6×2=12)

ੳ) ਜਿਹੜੇ ਗੁਰੂ ਨਾਨਕ ਦੇਵ ਜੀ ਦੇ ਨੇਕ ਆਦਰਸ਼ਾ ਨੂੰ ਭੁੱਲ ਚੁੱਕੇ ਹਨ, ਉਹਨਾਂ ਦੀ ਕੀ ਦਸ਼ਾ ਹੁੰਦੀ ਹੈ?

ਅ) ਗਿੱਠੂ ਦੀਆਂ ਬੁਰੀਆਂ ਆਦਤਾਂ ਬਾਰੇ ਜਾਣ ਕੇ ਘੀਸੂ ਨੇ ਉਸਨੂੰ ਕੁਝ ਕਿਉਂ ਨਹੀ ਕਿਹਾ?

ੲ) ਕੀ ਸਾਨੂੰ ਰਾਹ ਵਿੱਚ ਆਉਣ ਵਾਲੀਆਂ ਮੁਸੀਬਤਾਂ ਤੋਂ ਡਰ ਜਾਣਾ ਚਾਹੀਦਾ ਹੈ?

ਸ) ਪਾਣੀ ਪ੍ਰਦੂਸ਼ਣ ਦਾ ਕੀ ਅਰਥ ਹੈ?

ਹ) ਭਾਈ ਵੀਰ ਸਿੰਘ ਜੀ ਦੀ ਪੰਜਾਬੀ ਸਾਹਿਤ ਨੂੰ ਕੀ ਦੇਣ ਹੈ?

ਕ) ਮਨੁੱਖ ਦੇ ਬਿਰਖਾਂ ਤੋਂ ਰਿਸ਼ਤੇ ਟੁੱਟਣ ਦਾ ਕੀ ਅਰਥ ਹੈ?

ਖ) ਲੋੜ ਨੂੰ ਕਾਢ ਦੀ ਮਾਂ ਕਿਉਂ ਕਿਹਾ ਜਾਂਦਾ ਹੈ?

3) ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ: (5)

ਨਿਰਮਲ, ਗਿਆਨ, ਫ਼ਕੀਰ, ਤਸਵੀਰ, ਕਾਮਯਾਬੀ

4) ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ: (2)

1. "ਤੇਰੇ ਨਾਲੋਂ ਤਾਂ ਗਿੱਠੂ ਕੀ ਕਮਾਲ ਕਰਦੈ। ਤੂੰ ਪਤਾ ਨੀ ਕੀਹਦੇ 'ਤੇ ਗਈ ਐ?"
2. "ਮੈਨੂੰ ਕੀ ਪਤੈ? ਤੂੰ ਦੱਸ ਕਿੰਨੇ ਹੁੰਦੇ ਐ? ਮੈਂ ਕਿਹੜਾ ਗਿਣੇ ਐ ਕਦੇ।"

**.) ਹੇਠ ਲਿਖੇ ਵਾਕਾਂ ਵਿੱਚ ਖਾਲੀ ਥਾਵਾਂ ਭਰੋ:** **(2)**

1. .................... ਦੀ ਪਹਿਲੀ ਪੌੜੀ ਹਿੰਮਤੀ ਹੋਣਾ ਹੈ।
2. ਭਾਈ ਵੀਰ ਸਿੰਘ ਜੀ ਦੇ ਘਰ ਦਾ .................... ਦਾ ਦਰਵਾਜ਼ਾ ਜਿਉਂ ਦਾ ਤਿਉਂ ਹੈ।

**6) ਹੇਠ ਲਿਖੇ ਕਾਵਿ-ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:** **(2)**

'ਮੁੱਕ ਜਾਵਣਗੇ ਪਿੰਡਾਂ 'ਚੋਂ ਸੁੱਖ ਠੰਢੀਆਂ ਛਾਵਾਂ ਦੇ,
ਗੰਧਲੇ ਹੋ ਗਏ ਪਾਣੀ ਜੋ ਨਿਰਮਲ ਦਰਿਆਵਾਂ ਦੇ।

ਪ੍ਰ. ਪਿੰਡਾਂ ਵਿੱਚੋਂ ਕੀ ਮੁੱਕ ਜਾਵੇਗਾ?

ਪ੍ਰ. ਉਪਰੋਕਤ ਕਾਵਿ ਟੋਟਾ ਕਿਹੜੀ ਕਵਿਤਾ ਵਿੱਚੋਂ ਲਿਆ ਗਿਆ ਹੈ ਤੇ ਇਸਦੇ ਕਵੀ ਦਾ ਨਾਂ ਦੱਸੋ।

## ਲਿਖਣ-ਕੌਸ਼ਲ

**ੳ) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ।** (8)

**ਸ਼ਹੀਦ ਭਗਤ ਸਿੰਘ**

ਨੁਕਤੇ -

ਜਾਣ-ਪਛਾਣ, ਜਨਮ ਅਤੇ ਮਾਤਾ-ਪਿਤਾ, ਵਿੱਦਿਆ ਪ੍ਰਾਪਤੀ, ਰਾਜਸੀ ਜੀਵਨ, ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ, ਅਸੈਂਬਲੀ ਹਾਲ ਵਿੱਚ ਬੰਬ ਸੁੱਟਣਾ, ਮੁਕੱਦਮਾ ਚੱਲਣਾ, ਫ਼ਾਂਸੀ ਦੀ ਸਜ਼ਾ।

**ਜਾਂ**

**ਦੁਸਹਿਰਾ**

ਨੁਕਤੇ -

ਜਾਣ-ਪਛਾਣ, ਇਤਿਹਾਸਕ ਪਿਛੋਕੜ, ਨੌਂ ਨਰਾਤੇ ਅਤੇ ਰਾਮ ਲੀਲ੍ਹਾ, ਰਾਵਣ ਨੂੰ ਸਾੜਨਾ।

**ਅ)** ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਭੈਣ ਦੇ ਵਿਆਹ 'ਤੇ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ। (7)

**ਜਾਂ**

ਆਪਣੇ ਮਿੱਤਰ ਜਾਂ ਸਹੇਲੀ ਨੂੰ ਪਾਸ ਹੋ ਜਾਣ 'ਤੇ ਇੱਕ ਵਧਾਈ ਪੱਤਰ ਲਿਖੋ।

# BUDHA DAL PUBLIC SCHOOL PATIALA
## Final Examination (18 March 2023)

**Class - VII**
**Paper - Punjabi**
**Set - B**

**Time: 3 hrs.** **MM: 80**

**ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।**

**ਪੜ੍ਹਨ-ਕੌਸ਼ਲ**

**1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (5)

ਬਾਬਾ ਫ਼ਰੀਦ ਜੀ ਇੱਕ ਮਹਾਨ ਸੂਫ਼ੀ ਫ਼ਕੀਰ ਸਨ। ਉਹ ਇੱਕ ਰੂਹਾਨੀ ਪੁਰਖ ਸਨ। ਉਹ ਆਪਣੇ ਵੇਲੇ ਦੇ ਮਹਾਨ ਸੰਤਾਂ ਵਿੱਚੋਂ ਇੱਕ ਸਨ। ਆਪ ਨੇ ਆਪਣਾ ਸਾਰਾ ਜੀਵਨ ਸਬਰ-ਸੰਤੋਖ, ਤਪ-ਤਿਆਗ ਅਤੇ ਮਨੁੱਖਤਾ ਨਾਲ਼ ਪਿਆਰ ਕਰਦਿਆਂ ਬਿਤਾਇਆ। ਆਪ ਦਾ ਪੂਰਾ ਨਾਂ ਫ਼ਰੀਦੂਦੀਨ ਮਸੂਦ ਸੀ। ਬਾਬਾ ਜੀ ਦਾ ਜਨਮ 1173 ਈ: ਵਿੱਚ ਪਿੰਡ ਕੋਠੀਵਾਲ, ਜ਼ਿਲ੍ਹਾ ਮੁਲਤਾਨ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਂ ਜਮਾਲੁਦੀਨ ਸੁਲੇਮਾਨ ਅਤੇ ਮਾਤਾ ਦਾ ਨਾਂ ਮਰਿਅਮ ਸੀ। ਸ਼ੇਖ ਫ਼ਰੀਦ ਜੀ ਨੂੰ ਸਾਰਾ ਕੁਰਾਨ ਸ਼ਰੀਫ ਜਬਾਨੀ ਯਾਦ ਸੀ। ਆਪ ਦੇ ਮੁਰਸ਼ਦ ਸੂਫ਼ੀ ਸੰਤ ਕੁਤਬੁਦੀਨ ਬਖਤਿਆਰ ਕਾਕੀ ਸਨ। ਆਪ ਦੀ ਪਵਿੱਤਰ ਰੂਹਾਨੀ ਜ਼ਿੰਦਗੀ ਤੇ ਤਿਆਗ-ਵੈਰਾਗ ਵਾਲ਼ੀ ਰਹਿਣੀ-ਬਹਿਣੀ ਵੇਖ ਕੇ ਆਪ ਦੇ ਮੁਰਸ਼ਦ ਬਖਤਿਆਰ ਕਾਕੀ ਇੰਨੇ ਪ੍ਰਸੰਨ ਹੋਏ ਕਿ ਉਹਨਾਂ ਆਪਣੀ ਗੱਦੀ ਆਪ ਜੀ ਨੂੰ ਸੌਂਪ ਦਿੱਤੀ। ਆਪ ਨੇ ਇਹ ਜ਼ਿੰਮੇਵਾਰੀ 32 ਸਾਲ ਨਿਭਾਈ ਤੇ ਲੋਕਾਂ ਨੂੰ ਮੁਹੱਬਤ ਦਾ ਉਪਦੇਸ਼ ਦਿੱਤਾ।

ੳ) ਬਾਬਾ ਫ਼ਰੀਦ ਜੀ ਦਾ ਪੂਰਾ ਨਾਂ ਕੀ ਸੀ?
ਅ) ਬਾਬਾ ਫ਼ਰੀਦ ਜੀ ਦਾ ਜਨਮ ਕਿਸ ਸੰਨ ਵਿੱਚ ਹੋਇਆ?
ੲ) ਬਾਬਾ ਫ਼ਰੀਦ ਜੀ ਨੂੰ ਕਿਹੜਾ ਗ੍ਰੰਥ ਜ਼ਬਾਨੀ ਯਾਦ ਸੀ?
ਸ) ਬਾਬਾ ਫ਼ਰੀਦ ਜੀ ਨੇ ਕਿੰਨੇ ਸਾਲ ਗੱਦੀ ਦੀ ਜ਼ਿੰਮੇਵਾਰੀ ਨਿਭਾਈ?
ਹ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**2) ਹੇਠ ਦਿੱਤੇ ਚਿੱਤਰ ਨੂੰ ਵੇਖ ਕੇ 50-60 ਸ਼ਬਦਾਂ ਵਿੱਚ ਵਰਣਨ ਕਰੋ।** (4)



## ਵਿਆਕਰਨ

1) ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ:

ੳ) ਤੱਤੀ 'ਵਾ ਨਾ ਲੱਗਣੀ ਅ) ਦਿੱਲ ਖੱਟਾ ਹੋਣਾ ੲ) ਜਾਨ ਦੀ ਬਾਜ਼ੀ ਲਾਉਣੀ (3)

2) ਹੇਠ ਲਿਖੇ ਅਖਾਣ ਪੂਰੇ ਕਰੋ: (2)

ੳ) ਚੱਲਦੀ ਦਾ .....................

ਅ) .................... ਲੰਕਾ ਢਾਹੇ

ੲ) ਉਲਟੀ ਵਾੜ ..................

ਸ) ................ ਰਾਮ ਰੁੜ੍ਹਾਵੇ ਕੁੱਪਾ

3) ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ: (2)

ਪੰਜਾਬੀ, ਮਰਦ, ਭਤੀਜਾ, ਗੱਭਰੂ

4) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ: (2)

ਵਸਤੂ, ਗਊ, ਕਾਂ, ਕਵਿਤਾ

5) ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ: (2)

ਜਨਮ, ਨੇਕੀ, ਪਤਾਲ, ਮਿੱਤਰ

6) ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸ਼ਬਦ ਬਣਾਓ: (2)

ਬੇ, ਮਹਾ

7) ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸ਼ਬਦ ਬਣਾਓ: (2)

ਨੀ, ਦਾਨ

8) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ: (2)

ੳ) ਪਿੰਡ ਦੀ ਸਾਂਝੀ ਥਾਂ

ਅ) ਪੈਸੇ ਨਾ ਖਰਚਣ ਵਾਲਾ

9) ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ: (2)

ਹਵਾ, ਸਫ਼ਲਤਾ

10) ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (2)

ਸੇਹਤ, ਪਰਿੰਸੀਪਲ, ਕਵਿ, ਹੱਸਨਾ

11) ਹੇਠ ਲਿਖੇ ਵਾਕਾਂ ਵਿੱਚ ਲੋੜੀਦੇਂ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਤੋਂ ਲਿਖੋ: (1)

ੳ) ਮੈਂ ਕੜਾਹ ਪੂਰੀ ਖਾਧੀ

ਅ) ਵਾਹ ਮਜ਼ਾ ਆ ਗਿਆ

**12) ਹੇਠ ਲਿਖੇ ਵਾਕ ਵਿੱਚੋਂ ਪੜਨਾਂਵ ਸ਼ਬਦ ਚੁਣ ਕੇ ਉਸਦੀ ਕਿਸਮ ਲਿਖੋ:** **(1)**

ੳ) ਜਿਹੜਾ ਫ਼ਸਟ ਆਇਆ ਹੈ, ਉਹ ਮੇਰਾ ਭਰਾ ਹੈ।

**13) ਹੇਠ ਲਿਖੇ ਵਾਕ ਵਿੱਚੋਂ ਕਾਲ ਸ਼ਬਦ ਚੁਣ ਕੇ ਉਸਦੀ ਕਿਸਮ ਲਿਖੋ:** **(1)**

ੳ) ਅਸੀ ਸਰਕਸ ਦੇਖਣ ਜਾਵਾਂਗੇ।

**14) ਹੇਠ ਲਿਖੇ ਵਾਕ ਵਿੱਚੋਂ ਕਿਰਿਆ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ:** **(1)**

ੳ) ਮੁੰਡਾ ਗਾਉਂਦਾ ਹੈ।

**15) ਹੇਠ ਲਿਖੇ ਵਾਕਾਂ ਵਿੱਚੋਂ ਕਿਰਿਆ-ਵਿਸ਼ੇਸ਼ਣ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ:** **(2)**

ੳ) ਬੱਚਾ ਕਮਰੇ ਅੰਦਰ ਖੇਡ ਰਿਹਾ ਹੈ।

ਅ) ਸਾਰੇ ਵਿਦਿਆਰਥੀ ਇੱਕ-ਇੱਕ ਕਰਕੇ ਖਿਸਕ ਗਏ।

## ਪਾਠ ਪੁਸਤਕ'ਤੇ ਅਧਾਰਿਤ

**1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ। (ਕੋਈ ਛੇ):** **(1×6=6)**

ੳ) ਪਰਮਾਤਮਾ ਵੀ ਕਿਸ ਦੀ ਮਦਦ ਕਰਦਾ ਹੈ?

ਅ) ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕੀ-ਕੀ ਕਿਹਾ ਜਾਂਦਾ ਹੈ?

ੲ) ਪਿੱਦੀ ਨੂੰ ਕੀ ਸ਼ੌਕ ਸੀ?

ਸ) ਭਾਈ ਵੀਰ ਸਿੰਘ ਜੀ ਦੇ ਘਰ ਨੂੰ ਕੀ ਕਿਹਾ ਜਾਂਦਾ ਹੈ?

ਹ) ਨਿਰਮਲ ਦਰਿਆਵਾਂ ਦੇ ਪਾਣੀ ਕੀ ਹੋ ਰਹੇ ਹਨ?

ਕ) ਲੇਖਕ ਅਨੁਸਾਰ ਹਿੰਮਤੀ ਤੋਂ ਕੀ ਭਾਵ ਹੈ?

ਖ) ਭਾਈ ਵੀਰ ਸਿੰਘ ਦੁਆਰਾ ਲਿਖਿਆ ਪੰਜਾਬੀ ਦਾ ਪਹਿਲਾ ਨਾਵਲ ਕਿਹੜਾ ਸੀ?

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 4-5 ਸਤਰਾਂ ਵਿੱਚ ਦਿਓ: (ਕੋਈ ਛੇ)** **(6×2=12)**

ੳ) ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਸ-ਕਿਸ ਨੂੰ ਸਿੱਧੇ ਰਾਹ ਪਾਇਆ?

ਅ) ਪਿੱਦੀ ਅਤੇ ਗਿੱਠੂ ਪੜ੍ਹਾਈ ਵਿੱਚ ਕਿਸ ਤਰ੍ਹਾਂ ਦੇ ਸਨ?

ੲ) ਆਪਣੇ ਆਪ ਨੂੰ ਪਿਆਰ ਕਰਨ ਵਾਲਿਆਂ ਨੂੰ ਕੀ ਕਰਨਾ ਚਾਹੀਦਾ ਹੈ?

ਸ) 'ਪਾਣੀ ਨਿਰਮਲ ਦਰਿਆਵਾਂ ਦੇ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

ਹ) ਭਾਈ ਵੀਰ ਸਿੰਘ ਦੇ ਘਰ ਵਿਚਲੇ ਬਗੀਚੇ ਬਾਰੇ ਲੇਖਕਾਂ ਨੇ ਕੀ ਬਿਆਨ ਕੀਤਾ ਹੈ?

ਕ) ਇੱਕ ਦਿਨ ਘੀਸੂ ਪਾਪਾ ਨੇ ਪਿੱਦੀ ਨੂੰ ਮਿੱਠੀ ਝਿੜਕੀ ਦੇ ਕੇ ਕੀ ਕਿਹਾ?

ਖ) 'ਆਪਣੇ ਹੱਥੀਂ ਆਪਣਾ ਹੀ ਕਾਜ ਸਵਾਰੀਐ' ਦਾ ਕੀ ਅਰਥ ਹੈ? ਇਸ ਕਥਨ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?

**3) ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ:** **(5)**

ਦਰਿਆਵਾਂ, ਮੁਕਾਬਲੇ, ਉਪਕਾਰ, ਸ਼ਲਾਘਾਯੋਗ, ਮੂਹਰੇ

**4) ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ:** **(2)**

1. "ਪਾਪਾ ਤੁਸੀਂ ਜੋ ਮਰਜ਼ੀ ਆਖੋ ਪਰ ਗਿੱਠੂ ਮੇਰੇ ਮੁਕਾਬਲੇ ਜ਼ੀਰੋ ਐ। ਇਹ ਤਾਂ ਐਵੇਂ ਸੁੱਕਾ ਹੀ ਹੀਰੋ ਬਣਿਆ ਫਿਰਦੈ।"
2. "ਓਏ ਜਾ ਬਾਹਲਿਆ ਸਿਆਣਿਆ! ਤੈਨੂੰ ਟਿੱਚਰਾਂ ਕਰਦੀ ਐ ਮੂਰਖਾ! ਪਿੱਦੀ।"

**5) ਹੇਠ ਲਿਖੇ ਵਾਕਾਂ ਵਿੱਚ ਖਾਲੀ ਥਾਵਾਂ ਭਰੋ:** **(2)**

1. ਸਾਨੂੰ ਹਮੇਸ਼ਾਂ ...................... ਕਰਨੀ ਚਾਹੀਦੀ ਹੈ।
2. ਅੰਮ੍ਰਿਤਸਰ ਵਿੱਚ ............. 'ਤੇ ਸਫ਼ਰ ਕਰਨ ਦਾ ਆਪਣਾ ਹੀ ਮਜ਼ਾ ਹੈ।

**6) ਹੇਠ ਲਿਖੇ ਕਾਵਿ-ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:** **(2)**

'ਤੂੰ ਭੇਦ ਮਿਟਾਏ ਸਨ ਧਰਮਾਂ ਤੇ ਜ਼ਾਤਾਂ ਦੇ,
ਅਸੀਂ ਘਰ-ਘਰ ਕਰ ਬੈਠੇ ਦੀਵਾਰ ਗੁਰੂ ਨਾਨਕ।'

ਪ੍ਰ. ਗੁਰੂ ਜੀ ਨੇ ਕਿਸ ਦੇ ਭੇਦ ਮਿਟਾਏ ਹਨ?

ਪ੍ਰ. ਉਪਰੋਕਤ ਕਾਵਿ ਟੋਟਾ ਕਿਹੜੀ ਕਵਿਤਾ ਵਿੱਚੋਂ ਲਿਆ ਗਿਆ ਹੈ ਤੇ ਇਸਦੇ ਕਵੀ ਦਾ ਨਾਂ ਦੱਸੋ।

## ਲਿਖਣ-ਕੌਸ਼ਲ

**ੳ) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ।** **(8)**

**ਸ੍ਰੀ ਗੁਰੂ ਗੋਬਿੰਦ ਸਿੰਘ ਜੀ**

ਨੁਕਤੇ -

ਜਾਣ-ਪਛਾਣ, ਜਨਮ ਅਤੇ ਬਚਪਨ, ਅਨੰਦਪੁਰ ਸਾਹਿਬ, ਪਿਤਾ ਦੀ ਕੁਰਬਾਨੀ, ਜੰਗੀ ਤਿਆਰੀਆਂ, ਖਾਲਸਾ ਪੰਥ ਦੀ ਸਾਜਨਾ, ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਖਿਦਰਾਣੇ ਦੀ ਲੜਾਈ, ਬੰਦਾ ਬਹਾਦਰ ਨੂੰ ਪੰਜਾਬ ਭੇਜਣਾ, ਜੋਤੀ-ਜੋਤ ਸਮਾਉਣਾ।

**ਜਾਂ**

**ਬਿਜਲੀ ਦੀ ਬਚਤ**

ਨੁਕਤੇ -

ਜਾਣ-ਪਛਾਣ, ਨਿੱਤ ਵਰਤੋਂ ਦੀਆਂ ਚੀਜ਼ਾਂ ਤੇ ਬਿਜਲੀ, ਬਿਜਲੀ ਦੀ ਲੋੜ, ਬਿਜਲੀ ਦੀ ਫਜ਼ੂਲ ਵਰਤੋਂ 'ਤੇ ਰੋਕ, ਘਰੇਲੂ ਉਪਕਰਨਾਂ ਦੀ ਵਰਤੋਂ, ਬਿਜਲੀ ਦੀ ਬੱਚਤ ਲਾਭਦਾਇਕ।

**ਅ)** ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਜ਼ੁਰਮਾਨਾ ਮੁਆਫ਼ੀ ਲਈ ਬਿਨੈ-ਪੱਤਰ ਲਿਖੋ। **(7)**

**ਜਾਂ**

ਆਪਣੇ ਛੋਟੇ ਭਰਾ ਨੂੰ ਇੱਕ ਚਿੱਠੀ ਰਾਹੀਂ ਪੜ੍ਹਾਈ ਦੇ ਨਾਲ-ਨਾਲ ਖੇਡਾਂ ਖੇਡਣ ਦੀ ਪ੍ਰੇਰਨਾ ਦਿਓ।